# ਕੈਂਪ ਦੌਰਾਨ 225 ਮਰੀਜ਼ਾਂ ਦਾ ਕੀਤਾ ਚੈੱਕਅਪ ਤੇ ਮੁਫ਼ਤ ਦਵਾਈਆਂ ਦਿਤੀਆਂ

ਮਾਨਸਾ, 19 ਜਨਵਰੀ (ਸੁਖਵੰਤ ਸਿੰਘ ਸਿੱਧੂ) : ਮਨੁੱਖਾਂ ਦੀ ਭਲਾਈ 'ਚ ਅਹਿਮ ਯੋਗਦਾਨ ਪਾਉਂਦਿਆਂ ਵੇਦਾਂਤਾ ਗਰੁੱਪੇ ਤਲਵੰਡੀ ਸਾਬੋ ਪਾਵਰ ਲਿਮਟਿਡ ਵਲੋਂ ਥਰਮਲ ਦੇ ਨੇੜਲੇ ਪਿੰਡਾਂ ਕਮਾਲੂ ਤੇ ਕੋਠੇ ਹਸਪਤਾਲ ਵਿਖੇ ਮੈਡੀਕਲ ਕੈਂਪ ਲਗਾਇਆ ਗਿਆ। ਜਿਸ 'ਚ ਪਿੰਡਾਂ ਦੇ ਲੋਕਾਂ ਨੇ ਵੱਡੀ ਗਿਣਤੀ 'ਚ ਇਸ ਕੈਂਪ ਦਾ ਲਾਭ ਉਠਾਇਆ। ਇਹ ਕੈਂਪ ਆਦੇਸ਼ ਇੰਸਟੀਚਿਊਟ ਆਫ਼ ਮੈਡੀਕਲ ਕਾਲਜ ਬਠਿੰਡਾ ਦੇ ਸਹਿਯੋਗ ਨਾਲ ਲਗਾਏ ਗਏ। ਇਸ ਮੌਕੇ ਕੰਪਨੀ ਦੇ ਬੁਲਾਰੇ ਪੀ. ਸੀ. ਦਾਸ ਨੇ ਕਿਹਾ ਕਿ ਕੰਪਨੀ ਵਲੋਂ ਥਰਮਲ ਦੇ ਇਲਾਕੇ ਅਤੇ ਪੂਰੇ ਮਾਨਸਾ ਜ਼ਿਲ੍ਹੇ ਦੇ ਲੋਕਾਂ ਦੀ ਭਲਾਈ ਲਈ ਇਹ ਕੈਂਪ ਲਗਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੈਂਪਾ 'ਚ ਵਿਸ਼ੇਸ ਕਰ ਹਰ ਬਿਮਾਰੀ ਦੇ ਮਰੀਜ਼ਾਂ ਦਾ ਚੈੱਕਅਪ ਕਰ ਕੇ ਦਵਾਈਆਂ ਅਤੇ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਕੰਪਨੀ ਦੀ ਪੀ. ਆਰ. ਓ. ਮੈਡਮ ਪ੍ਰੀਤੀ ਰਾਂਵਤ ਨੇ ਦਸਿਆ ਕਿ ਕੰਪਨੀ ਅਤੇ ਡਾਕਟਰਾਂ ਦੇ ਸਹਿਯੋਗ ਨਾਲ ਕਮਾਲੂ ਵਿਖੇ 125 ਤੇ ਕੋਠੇ ਅਸਪਾਲ ਵਿਖੇ 100 ਮਰੀਜ਼ਾਂ ਚੈੱਕਅਪ ਕਰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਕੈਂਪ 'ਚ ਸਕੂਲੀ ਬੱਚਿਆਂ ਨੂੰ ਵਿਸ਼ੇਸ ਤੌਰ 'ਤੇ ਬੁਲਾ ਕੇ ਉਨਾਂ ਦਾ ਚੈੱਕਅਪ ਕਰ ਕੇ ਦਵਾਈਆਂ ਵੰਡੀਆਂ। ਕੈਂਪ ਦੌਰਾਨ ਕੋਠੇ ਅਸਪਾਲ ਦੇ ਸਰਪੰਚ ਸੁਖਬੀਰ ਸਿੰਘ ਤੇ ਡਾਕਟਰ ਕਰਮਜੀਤ ਸਿੰਘ, ਮਹਿੰਦਰ ਸਿੰਘ ਰੰਧਾਵਾ, ਹਰਮਨ ਬਰਾੜ, ਕਰਮਜੀਤ ਸਿੱਧੂ, ਗੁਰਜੀਤ ਕੌਰ ਗਿੱਲ ਆਦਿ ਸਟਾਫ ਹਾਜ਼ਰ ਸਨ।



। ਕੁਲਦੀਪ ਸਿੰਘ

## ਮਨੁੱਖਤਾ ਦੀ ਭਲਾਈ ਲਈ ਕੰਪਨੀ ਹਰ ਸਮੇਂ ਤਿਆਰ : ਪੀ. ਸੀ. ਦਾਸ